ਬੱਚਿਆਂ ਲਈ ਬਾਈਬਲ

ਉੱਪਸਥਿਤ



# ਅਬਰਾਹਾਮ ਦੇ ਪਿਆਰ ਦੀ ਪਰਮੇਸ਼ਵਰ ਵੱਲੋਂ ਪਰੀਖਿਆ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਬਦਲਿਆ ਗਿਆ : M. Maillot; Tammy S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children

www.M1914.org

BFC

PO Box 3

Winnipeg, MB R3C 2G1

Canada

©2015 Bible for Children, Inc.

ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਇੱਕ ਰਾਤ ਪਰਮੇਸ਼ਵਰ ਨੇਂ ਅਬਰਾਹਾਮ ਨੂੰ ਅਨੋਖੀ ਆਗਿਆ ਦਿੱਤੀ। ਇਹ ਇੱਕ ਪਰੀਖਿਆ ਸੀਂ ਕਿ ਅਬਰਾਹਾਮ ਆਪਣੇ ਬੇਟੇ ਇਸਹਾਕ ਨੂੰ ਪਰਮੇਸ਼ਵਰ ਨਾਲੋਂ ਜਿਆਦਾ ਪਿਆਰ ਕਰਦਾ ਹੈ!

ਪਰਮੇਸ਼ਵਰ ਨੇ ਅਗਿਆ ਦਿੱਤੀ, "ਆਪਣੇ ਬੇਟੇ ਇਸਹਾਕ ਨੂੰ ਲੈ, ਅਤੇ ਉਸ ਨੂੰ ਹੋਮ ਦੀ ਬਲੀ ਕਰਕੇ ਚੜਾ,"। ਇਸਹਾਕ ਦੀ ਬਲੀ? ਆਪਣੇ ਬੇਟੇ ਦੀ ਕੁਰਬਾਨੀ?

ਇਹ ਅਬਰਾਹਾਮ ਲਈ ਮੁਸ਼ਕਲ ਸੀਂ। ਉਹ ਆਪਣੇ ਬੇਟੇ ਨੂੰ ਬਹੁਤ ਪਿਆਰ ਕਰਦਾ ਸੀਂ।



ਪਰ ਅਬਰਾਹਾਮ ਨੇ ਪਰਮੇਸ਼ਵਰ ਤੇ
ਭਰੋਸਾ ਕਰਨਾ ਸਿੱਖ ਲਿਆ ਸੀਂ ਭਾਂਵੇ
ਉਸਨੂੰ ਸਮਝ ਨਾਂ ਹੀ ਆਇਆ ਹੋਵੇ।
ਤੜਕੇ ਉੱਠ ਕੇ ਉਸਨੇ ਇਸਹਾਕ ਅਤੇ ਦੋ
ਨੋਂਜਵਾਂਨਾ ਨੂੰ ਨਾਲ ਲਿਆ ਅਤੇ ਪਹਾੜ ਉੱਤੇ
ਕੁਰਬਾਨੀ ਲਈ ਚੱਲ
ਪਿਆ।



ਜਾਣ ਤੋਂ ਪਹਿਲਾਂ, ਅਬਰਾਹਾਮ
ਨੇਂ ਹੋਮ ਬਲੀ ਦੀ ਅੱਗ ਬਾਲਣ
ਲਈ ਲੱਕੜ ਨੂੰ ਬਰਾਬਰ ਦੇ
ਹਿੱਸਿਆਂ ਵਿੱਚ ਵੰਡਿਆ।
ਅਬਰਾਹਾਮ ਨੇ ਪਰਮੇਸ਼ਵਰ
ਦੇ ਹੁਕਮ ਨੂੰ ਮੰਨਣ ਦੀ
ਯੋਜਨਾ ਬਣਾਈ।





ਤਿੰਨ ਦਿਨ ਬਾਅਦ ਉਹ ਪਹਾੜ ਕੋਲ
ਪਹੁੰਚੇ। “ਇੱਥੇ ਰੁਕੋ,” ਅਬਰਾਹਾਮ ਨੇ
ਨੌਂਜਵਾਨਾਂ ਨੂੰ ਆਖਿਆ। “ਅਸੀਂ ਜਾਵਾਂਗੇ
ਅਤੇ ਉਪਾਸਨਾ ਕਰਾਂਗੇ ਅਤੇ ਤੁਹਾਡੇ
ਕੋਲ ਵਾਪਸ ਆਜਾਵਾਂਗੇ।”
ਇਸਹਾਕ ਨੇਂ

ਲੱਕੜਾਂ ਚੁੱਕ ਲਈਆਂ;
ਅਬਰਾਹਾਮ ਨੇ ਅੱਗ
ਅਤੇ ਚਾਕੂ ਨਾਲ
ਲੈ ਲਏ।

“ਹੋਮ ਬਲੀ ਲਈ ਲੇਲਾ ਕਿੱਥੇ ਹੈ?” ਇਸਹਾਕ ਨੇ ਪੁਛਿਆ। “ਪਰਮੇਸ਼ਵਰ ਆਪ ਲੇਲੇ ਦਾ ਇੰਤਜਾਮ ਕਰੇਗਾ,” ਅਬਰਾਹਾਮ ਨੇਂ ਆਖਿਆ।



ਉਹ ਦੋਨੋ ਉਸ ਸਥਾਨ ਤੇ ਪੁੱਜੇ ਜਿਹੜੀ ਪਰਮੇਸ਼ਵਰ ਦੁਆਰਾ ਚੁਣੀਂ ਗਈ ਸੀਂ। ਉਥੇ, ਅਬਰਾਹਾਮ ਨੇ ਜਗਵੇਦੀ ਬਣਾਈ ਅਤੇ ਉਸ ਉੱਤੇ ਲੱਕੜੀਆਂ ਚਿਣ ਦਿੱਤੀਆਂ ਤਾਂਕਿ ਪਰਮੇਸ਼ਵਰ ਦੇ ਸਾਹਮਣੇ ਭੇਂਟ ਚੜਾਵੇ। ਅਬਰਾਹਾਮ ਨੇਂ ਬਹੁਤ ਸਾਰੀਆਂ ਜਗਵੇਦੀਆਂ ਬਣਾਈਆਂ ਸੀਂ। ਨਿਸ਼ਚਿਤ ਇਹ ਹਮੇਸ਼ਾਂ ਹੀ ਬਣਾਉਣੀ ਬਹੁਤ ਮੁਸ਼ਕਿਲ ਸੀਂ।





ਅਬਰਾਹਾਮ
ਨੇਂ ਇਸਹਾਕ
ਨੂੰ ਬੰਨਿਆ ਅਤੇ
ਆਪਣੇ ਪਿਆਰੇ ਪੁੱਤਰ ਨੂੰ
ਜਗਵੇਦੀ ਤੇ ਲਿਟਾ ਦਿੱਤਾ। ਕੀ
ਅਬਰਾਹਾਮ ਸੱਚੀਂ ਪਰਮੇਸ਼ਵਰ ਦੀ
ਆਗਿਆ ਦਾ ਪਾਲਣ ਕਰਨ
ਜਾ ਰਿਹਾ ਸੀਂ ਅਤੇ ਕਿ
ਆਪਣੇ ਇੱਕਲੌਤੇ ਪੁੱਤਰ,
ਪਿਆਰੇ ਇਸਹਾਕ ਨੂੰ
ਬਲਿਦਾਨ ਕਰੇ?



ਜੀ ਹਾਂ! ਜਿਵੇਂ ਹੀ ਅਬਰਾਹਾਮ ਨੇਂ ਤੇਜ ਧਾਰ ਵਾਲੀ ਛੁਰੀ ਨੂੰ ਉਪਰ ਚੁੱਕਿਆ । ਉਸਦਾ ਦਿਲ ਟੁੱਟਿਆ ਹੋਣਾ, ਪਰ ਅਬਰਾਹਾਮ ਜਾਣਦਾ ਸੀਂ ਕਿ ਉਸਨੇ ਪਰਮੇਸ਼ਵਰ ਦੀ ਆਗਿਆ ਦੀ ਪਾਲਣਾ ਕਰਨੀ ਹੈ।



“ਰੁਕੋ!”
ਪਰਮੇਸ਼ਵਰ ਦੇ ਦੂਤ
ਨੇਂ ਪੁਕਾਰਿਆ।
“ਹੁਣ ਮੈਂ ਜਾਣ
ਲਿਆ ਤੂੰ
ਪਰਮੇਸ਼ਵਰ ਦਾ
ਡਰ ਮੰਨੰਦਾ ਹੈਂ।
ਤੈਂ ਆਪਣੇ
ਇੱਕਲੌਤੇ ਪੁੱਤਰ
ਦਾ, ਆਪਣੇ ਪੁੱਤਰ
ਦਾ ਵੀ ਸਰਫਾ,
ਮੈਥੋਂ ਨਹੀ
ਕੀਤਾ।”

ਝਾੜੀ ਵਿੱਚ ਲੇਲੇ ਨੂੰ ਵੇਖ ਕੇ, ਅਬਰਾਹਾਮ ਨੇ ਇਸਹਾਕ ਨੂੰ ਖੋਲਿਆ ਅਤੇ ਉਸਦੀ ਥਾਂ ਲੇਲੇ ਨੂੰ ਹੋਮ ਦੀ ਬਲੀ ਚੜ੍ਹਾਇਆ। ਸ਼ਾਇਦ ਇਸਹਾਕ ਨੇ ਸੋਚਿਆ, “ਪਰਮੇਸ਼ਵਰ ਪ੍ਰਬੰਧ ਕਰਦਾ ਹੈ, ਜਿਸ ਤਰ੍ਹਾਂ ਉਸਦੇ ਪਿਤਾ ਨੇ ਕਿਹਾ।”



ਜਦ ਪਿਤਾ ਅਤੇ ਪੁੱਤਰ ਨੇ ਉਪਾਸਨਾ ਕਰ ਲਈ, ਪਰਮੇਸ਼ਵਰ ਦੇ ਦੂਤ
ਨੇਂ ਅਬਰਾਹਾਮ ਨੂੰ ਕਿਹਾ। "ਤੇਰੇ ਬੱਚਿਆਂ ਦੇ ਨਾਲ, ਸਾਰੇ ਦੇਸ਼ ਆਸ਼ੀਸ਼
ਪਾਉਣਗੇ ਕਿਉਂਕਿ ਤੈਂ ਆਗਿਆ ਨੂੰ ਮੰਨਿਆ।"
ਕੁਝ ਦਿਨ ਪਿੱਛੋਂ ਅਬਰਾਹਾਮ ਦੀ ਪੀੜੀ
ਵਿੱਚੋਂ ਯਿਸੂ ਪੈਦਾ ਹੋਵੇਗਾ।



ਅਬਰਾਹਾਮ ਅਤੇ ਇਸਹਾਕ ਘਰ ਵਾਪਸ ਆ ਗਏ। ਕੁਝ ਸਮੇਂ ਬਾਅਦ, ਦੁੱਖ ਆਇਆ. ਸਾਰਾਹ ਮਰ ਗਈ। ਅਬਰਾਹਾਮ ਨੇਂ ਆਪਣੀ ਪਤਨੀ ਨੂੰ ਗੁਆਇਆ, ਅਤੇ ਇਸਹਾਕ ਨੇਂ ਆਪਣੀ ਮਾਤਾ ਨੂੰ ਗੁਆਇਆ।



ਦਫਨਾਉਣ ਦੇ ਬਾਅਦ,
ਅਬਰਾਹਾਮ ਨੇਂ ਆਪਣੇ
ਮੁਖਤਿਆਰੀ ਨੋਕਰ ਨੂੰ ਘੱਲਿਆ
ਕਿ ਉਹ ਇਸਹਾਕ ਲਈ ਪਤਨੀ ਵੇਖ ਕੇ
ਲਿਆਵੇ। ਨੋਕਰ ਉਸਦੇ ਪੁਰਾਣੇ ਦੇਸ਼ ਵੱਲ ਗਿਆ ਤਾਂ ਜੋਂ
ਅਬਰਾਹਾਮ ਦੇ ਕੁਨਬੇ ਵਿੱਚੋਂ ਪਤਨੀ
ਲੱਭ ਕੇ ਲਿਆਵੇ।



ਨੌਕਰ ਨੇ ਪਰਮੇਸ਼ਵਰ ਤੋਂ ਚਿੰਨ੍ਹ ਮੰਗਿਆ। “ਜੋ ਲੜਕੀ ਮੇਰੇ ਊਠਾਂ ਨੂੰ ਪਾਣੀ ਪਿਆਉਣ ਲਈ ਤਿਆਰ ਹੋਵੇਗੀ ਉਹ ਇਸਹਾਕ ਲਈ ਸਹੀ ਹੋਵੇਗੀ।” ਉਸੇ ਵੇਲੇ ਰਿਬਕਾਹ ਨੇ ਪਾਣੀ ਦੇਣ ਲਈ ਆਖਿਆ। ਉਹ ਅਬਰਾਹਾਮ ਦੇ ਰਿਸ਼ਤੇਦਾਂਰਾ ਵਿੱਚੋਂ ਇੱਕ ਸੀਂ। ਨੌਕਰ ਨੂੰ ਪਤਾ ਲੱਗ ਗਿਆ ਕਿ ਪਰਮੇਸ਼ਵਰ ਨੇ ਉਸਦੀ ਪ੍ਰਾਥਨਾ ਦਾ ਉਤਰ ਦੇ ਦਿੱਤਾ ਸੀਂ।



ਰਿਬਕਾ ਨੇਂ ਇਸਹਾਕ ਨਾਲ ਵਿਆਹ ਕਰਾਉਣ ਲਈ ਆਪਣਾ ਪਰਿਵਾਰ ਛੱਡ ਦਿੱਤਾ। ਉਸਨੇ ਮਾਂ ਦੀ ਮੌਤ ਤੋਂ ਬਾਅਦ ਉਸਨੂੰ ਦਿਲਾਸਾ ਦਿੱਤਾ। ਇਸਹਾਕ ਕਿਸ ਤਰ੍ਹਾ ਉਸਨੂੰ ਪਿਆਰ ਕਰਦਾ ਸੀਂ!



# ਅਬਰਾਹਾਮ ਦੇ ਪਿਆਰ ਦੀ ਪਰਮੇਸ਼ਵਰ ਵੱਲੋਂ ਪਰੀਖਿਆ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉਤਪੱਤੀ ਦੀ ਕਿਤਾਬ 22-24

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਸਮਾਪਤ

5

60

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16